12

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-4 ਸ਼ਾਖਾ)

ਸੇਵਾ ਵਿਖੇ

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.),
ਪੰਜਾਬ, ਮੋਹਾਲੀ।

ਮੀਮੋ ਨੰ:11/11/2016-2ਸਿ4/ 935161/1
ਮਿਤੀ,ਚੰਡੀਗੜ੍ਹ: 08-03-17

ਵਿਸ਼ਾ: ਪੀ.ਈ.ਐਸ ਗਰੁੱਪ ਏ (ਸਕੂਲ ਅਤੇ ਇੰਨਸਪੈਕਸ਼ਨ) ਦੇ ਅਧਿਕਾਰੀਆਂ ਦੇ ਸੇਵਾ ਕਾਲ ਵਿੱਚ ਵਾਧੇ ਸਬੰਧੀ।

ਉਪਰੋਕਤ ਵਿਸ਼ਾ ਤੇ ਸਰਕਾਰ ਦੇ ਪੱਤਰ ਨੰ: 11/11/2016-2ਸਿ4/876510/1 ਮਿਤੀ 17.11.2016 ਦੀ ਲਗਾਤਾਰਤਾ ਵਿੱਚ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਹਵਾਲਾ ਅਧੀਨ ਪੱਤਰ ਰਾਹੀਂ ਆਪ ਨੂੰ ਪਹਿਲਾਂ ਵੀ ਲਿਖਿਆਂ ਗਿਆ ਸੀ ਕਿ ਸੇਵਾ ਕਾਲ ਵਿੱਚ ਵਾਧੇ ਸਬੰਧੀ ਕੇਸ, ਵਾਧਾ ਸ਼ੁਰੂ ਹੋਣ ਦੀ ਮਿਤੀ ਤੋਂ ਇੱਕ ਮਹੀਨਾਂ ਪਹਿਲਾਂ ਸਰਕਾਰ ਨੂੰ ਭੇਜੇ ਜਾਣ। ਪਰ ਆਪ ਵੱਲੋਂ ਇਹਨਾਂ ਹਦਾਇਤਾਂ ਦੀ ਬਾਰ ਬਾਰ ਉਲੰਘਣਾ ਕਰਨ ਕਾਰਨ ਇਸ ਦਾ ਸਰਕਾਰ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ। ਕਿਉਂ ਜੋ ਪੀ.ਈ.ਐਸ ਗਰੁੱਪ ਏ (ਸਕੂਲ ਅਤੇ ਇੰਨਸਪੈਕਸ਼ਨ) ਅਧਿਕਾਰੀਆਂ ਦੇ ਸੇਵਾਕਾਲ ਵਿਚ ਵਾਧੇ ਸਬੰਧੀ ਤਜ਼ਵੀਜ਼ ਸਰਕਾਰ ਪਾਸ ਸ਼ੁਰੂ ਹੋਣ ਦੀ ਮਿਤੀ ਤੋਂ ਕੁਝ ਦਿਨ ਪਹਿਲਾਂ ਹੀ ਪ੍ਰਾਪਤ ਹੁੰਦੀ ਹੈ ਜਿਸ ਕਾਰਨ ਵਿਭਾਗ ਇਹਨੇ ਘੱਟ ਸਮੇਂ ਵਿੱਚ ਅਗਲੇਰੀ ਕਾਰਵਾਈ ਕਰਨ ਤੋਂ ਅਸਮਰਥ ਹੋ ਜਾਂਦਾ ਹੈ।

3. ਇਸ ਲਈ ਹਦਾਇਤ ਕੀਤੀ ਜਾਂਦੀ ਹੈ ਕਿ ਜਿਸ ਵੀ ਅਧਿਕਾਰੀ ਨੇ ਸੇਵਾ ਕਾਲ ਵਿੱਚ ਵਾਧਾ ਲੈਣਾ ਹੈ ਉਹ ਤਿੰਨ ਮਹੀਨੇ ਪਹਿਲਾਂ ਅਪਣਾ ਕੇਸ ਤਿਆਰ ਕਰਕੇ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਨੂੰ ਪੁੱਜਦਾ ਕਰੇ ਅਤੇ ਜਿਲ੍ਹਾ ਸਿੱਖਿਆ ਅਫਸਰ ਕੇਸ ਘੋਖ ਕੇ ਡੀ.ਪੀ.ਆਈ (ਸੈ.ਸਿ.), ਮੋਹਾਲੀ, ਪੰਜਾਬ ਪਾਸ ਪੁੱਜਦਾ ਕਰੇ। ਡੀ.ਪੀ.ਆਈ (ਸੈ.ਸਿ.) ਵੱਲੋਂ ਕੇਸ ਨੂੰ ਘੋਖਣ ਉਪਰੰਤ ਸਿਫਾਰਸ਼ਾ ਸਹਿਤ ਵਾਧਾ ਸ਼ੁਰੂ ਹੋਣ ਦੀ ਮਿਤੀ ਤੋਂ ਇੱਕ ਮਹੀਨਾ ਪਹਿਲਾਂ ਸਰਕਾਰ ਪਾਸ ਭੇਜਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਵਾਧਾ ਸ਼ੁਰੂ ਹੋਣ ਤੋਂ ਪਹਿਲਾਂ ਵਾਧੇ ਸਬੰਧੀ ਹੁਕਮ ਜਾਰੀ ਕੀਤੇ ਜਾ ਸਕਣ ਜਾਂ ਜਿਹੜੇ ਅਧਿਕਾਰੀ ਵਾਧਾ ਨਹੀਂ ਲੈਣਾ ਚਾਹੁੰਦੇ ਉਹਨਾਂ ਦੇ ਰਿਟਾ: ਦੇ ਹੁਕਮ ਕੀਤੇ ਜਾ ਸਕਣ। ਸੇਵਾ ਕਾਲ ਵਿੱਚ ਵਾਧੇ ਸਬੰਧੀ ਕੇਸ ਨਾਲ ਸਬੰਧਤ ਰਿਕਾਰਡ ਅਪਣੇ ਦਫਤਰ ਵਿੱਚ ਹੀ ਰੱਖਿਆ ਜਾਵੇ, ਲੋੜ ਪੈਣ ਤੇ ਸਰਕਾਰ ਵੱਲੋਂ ਮੰਗ ਲਿਆ ਜਾਵੇਗਾ। ਮਿੱਥੇ ਸਮੇਂ ਵਿੱਚ ਪ੍ਰਾਪਤ ਨਾ ਹੋਣ ਵਾਲੀਆਂ ਤਜ਼ਵੀਜ਼ਾਂ ਤੇ ਕੋਈ ਵਿਚਾਰ ਨਹੀਂ

13

ਕੀਤਾ ਜਾਵੇਗਾ ਅਤੇ ਦੇਰੀ ਦੀ ਨਿਰੋਲ ਜੁੰਮੇਵਾਰੀ ਸਬੰਧਤ ਦੀ ਹੋਵੇਗੀ।

4. ਇਹਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੇ ਜਾਣ ਨੂੰ ਯਕੀਨੀ ਬਣਾਇਆ ਜਾਵੇ।

ਸੰਯੁਕਤ ਸਕੱਤਰ ਸਕੂਲ ਸਿੱਖਿਆ

ਪਿ:ਅੰ:ਨੰ: 11/11/2016-2ਸਿ4/ 935161/2 ਮਿਤੀ: 08-03-17

ਇਸ ਦਾ ਇੱਕ ਉਤਾਰਾ ਸਮੂਹ ਮੰਡਲ ਸਿੱਖਿਆ ਅਫਸਰਾਂ, ਪੰਜਾਬ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਅਧੀਨ ਆਉਂਦੇ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਉਕਤ ਹਦਾਇਤਾਂ ਦੀ ਪਾਲਣਾ ਕਰਨ ਹਿੱਤ ਨੋਟ ਕਰਵਾਇਆ ਜਾਵੇ।

ਸੰਯੁਕਤ ਸਕੱਤਰ ਸਕੂਲ ਸਿੱਖਿਆ

ਪਿ:ਅੰ:ਨੰ: 11/11/2016-2ਸਿ4/935161/3 ਮਿਤੀ: 08-03-17

ਇਸ ਦਾ ਇੱਕ ਉਤਾਰਾ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਜੀ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਹਨਾਂ ਹਦਾਇਤਾਂ ਨੂੰ ਵਿਭਾਗ ਦੀ ਵੈਬਸਾਇਟ ਤੇ ਅਪਲੋਡ ਕੀਤਾ ਜਾਵੇ।

ਸੰਯੁਕਤ ਸਕੱਤਰ ਸਕੂਲ ਸਿੱਖਿਆ